**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਏ.ਐਸ.ਪੀ.ਡੀ/ਪ੍ਰੋਕਿ/ਐਸ.ਐਸ.ਏ/2009/57482-57501
ਮਿਤੀ ਚੰਡੀਗੜ੍ਹ 10.8.09

**ਵਿਸ਼ਾ: ਸਟਾਕ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਸਬੰਧੀ।**

**ਹਵਾਲਾ: ਏ.ਐਸ.ਪੀ.ਡੀ/ਪ੍ਰੋਕਿ/ਐਸ.ਐਸ.ਏ/2009/44744-59 ਮਿਤੀ 08.06.09 ਅਤੇ ਏ.ਐਸ.ਪੀ.ਡੀ/ਪ੍ਰੋਕਿ/ਐਸ.ਐਸ.ਏ/2009/47914-933 ਮਿਤੀ 23.6.09 ਅਤੇ ਏ.ਐਸ.ਪੀ.ਡੀ/ਪ੍ਰੋਕਿ/ਐਸ.ਐਸ.ਏ/2009/52912-52931 ਮਿਤੀ 15.7.09।**

ਉਪਰੋਕਤ ਵਿਸ਼ਾ ਅਧੀਨ ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹਾ, ਬਲਾਕ ਅਤੇ ਕਲੱਸਟਰ ਪੱਧਰ ਦੇ ਦਫ਼ਤਰਾਂ ਆਦਿ ਨੂੰ ਸਮੇਂ ਸਮੇਂ ਤੇ ਕੰਪਿਊਟਰ ਦਾ ਸਾਜ਼ੋ-ਸਾਮਾਨ, ਫੋਟੋਸਟੇਟ ਮਸ਼ੀਨਾਂ, ਫੈਕਸ ਮਸ਼ੀਨਾਂ ਅਤੇ ਵੱਖ ਵੱਖ ਤਰ੍ਹਾਂ ਦੀਆਂ ਕਿਤਾਬਾਂ ਆਦਿ ਭੇਜੀਆਂ ਜਾਂਦੀਆਂ ਰਹੀਆਂ ਹਨ। ਪੰਜਾਬ ਵਿੱਤੀ ਨਿਯਮਾਂ ਅਨੁਸਾਰ ਪ੍ਰਾਪਤ ਕੀਤੇ ਸਾਰੇ ਸਟਾਕ/ਸਮਾਨ ਦੀ ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਸਬੰਧਤ ਸਟਾਕ ਰਜਿਸਟਰ ਵਿੱਚ ਐਂਟਰੀ ਕਰਨੀ ਬਣਦੀ ਹੈ ਅਤੇ ਸਟਾਕ ਦੀ ਸਲਾਨਾ ਫਿਜ਼ੀਕਲ ਵੈਰੀਫੀਕੇਸ਼ਨ ਹਰ ਸਾਲ ਅਪ੍ਰੈਲ ਦੇ ਮਹੀਨੇ ਵਿੱਚ ਕਰਨੀ ਹੁੰਦੀ ਹੈ।

ਮੁੱਖ ਦਫ਼ਤਰ ਦੇ ਨੋਟਿਸ ਵਿੱਚ ਆਇਆ ਹੈ ਕਿ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਸਟਾਕ ਦੀ ਸਲਾਨਾ ਫਿਜ਼ੀਕਲ ਵੈਰੀਫਿਕੇਸ਼ਨ ਨਹੀਂ ਕੀਤੀ ਜਾ ਰਹੀ। ਸਟਾਕ ਰਜਿਸਟਰ ਵਿੱਚ ਫਿਜ਼ੀਕਲ ਵੈਰੀਫਿਕੇਸ਼ਨ ਸਬੰਧੀ ਸਰਟੀਫਿਕੇਟ ਨਾ ਰਿਕਾਰਡ ਕਰਨ ਦੀ ਸੂਰਤ ਵਿੱਚ ਆਡਿਟ ਇਤਰਾਜ਼ ਲੱਗ ਸਕਦਾ ਹੈ। ਇਸ ਲਈ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਅਧੀਨ ਦਫ਼ਤਰਾਂ ਦੇ ਸਾਰੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਤੋਂ ਨਿਯਮਾਂ ਅਨੁਸਾਰ ਸਟਾਕ ਦੀ ਫਿਜ਼ੀਕਲ ਵੈਰੀਫਿਕੇਸ਼ਨ ਦਾ ਸਰਟੀਫਿਕੇਟ ਪ੍ਰਾਪਤ ਕਰਕੇ ਇਸ ਦੀ ਰਿਪੋਰਟ ਹਫ਼ਤੇ ਦੇ ਅੰਦਰ ਅੰਦਰ ਇਸ ਦਫ਼ਤਰ ਨੂੰ ਭੇਜੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/ 57502 ਮਿਤੀ 10.8.09

ਉਤਾਰਾ: (1) ਸਮੂਹ ਮੰਡਲ ਸਿੱਖਿਆ ਅਫ਼ਸਰ (ਸਿਵਾਏ ਫਰੀਦਕੋਟ)।

(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)।

(3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਨੂੰ ਇਸ ਦਫ਼ਤਰ ਵੱਲੋਂ ਮਿਤੀ 23.6.09 ਨੂੰ ਭੇਜੀ ਈਮੇਲ ਦੇ ਸਬੰਧ ਵਿੱਚ।

(4) ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਬਠਿੰਡਾ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਕਲਸਟਰ ਪੱਧਰ ਦੀ ਫਿਜ਼ੀਕਲ ਵੈਰੀਫਿਕੇਸ਼ਲ ਰਿਪੋਰਟ ਇਕੱਠੀ ਕਰਕੇ ਤੁਰੰਤ ਮੁੱਖ ਦਫ਼ਤਰ ਨੂੰ ਭੇਜੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**